elections alberta

ਅਲਬਰਟਾ ਵਿੱਚ ਵੋਟ ਪਾਉਣਾ

ਸੂਬਾਈ ਚੋਣਾਂ


# ਪੰਜਾਬੀ

| | |
|---|---|
| English | English |
| French | Français |
| Tagalog | Tagalog |
| German | Deutsch |
| Punjabi | ਪੰਜਾਬੀ |
| Chinese | 简体中文 |
| Spanish | Español |
| Arabic | اللغة العربية |
| Vietnamese | Tiếng Việt |
| Polish | Polski |
| Ukrainian | Українська |
| Hindi | हिंदी |
| Farsi | فارسی |
| Russian | Русский |
| Dutch | Nederlands |
| Korean | 한국어 |
| Italian | Italiano |
| Cree | nehiyawak |
| Blackfoot | Siksikáí'powahsin |

## ਯੋਗਤਾਵਾਂ

### ਤੁਸੀਂ ਲਾਜ਼ਮੀ ਤੌਰ ’ਤੇ:








- ਕੈਨੇਡੀਅਨ ਨਾਗਰਿਕ ਹੋਣੇ ਚਾਹੀਦੇ ਹੋ
- ਤੁਹਾਡੀ ਉਮਰ 18+ ਸਾਲ ਹੋਣੀ ਚਾਹੀਦੀ ਹੈ, ਅਤੇ
- ਤੁਸੀਂ ਅਲਬਰਟਾ ਦੇ ਵਸਨੀਕ ਹੋਣੇ ਚਾਹੀਦੇ ਹੋ

## ਪੰਜੀਕਰਨ


ਵੋਟ ਪਾਉਣ ਵਾਸਤੇ, ਤੁਹਾਡੇ ਲਈ ਪੰਜੀਕਰਨ ਕਰਨਾ ਲਾਜ਼ਮੀ ਹੈ। ਤੁਸੀਂ ਅਗਾਊਂ ਜਾਂ ਪੋਲ ਦੇ ਮੌਕੇ ਪੰਜੀਕਰਨ ਕਰ ਸਕਦੇ ਹੋ।

### *ਵਿਕਲਪ #1 – ਅਗਾਊਂ:*

ਔਨਲਾਈਨ - voterlink.ab.ca

ਔਨਲਾਈਨ ਸਿਸਟਮ ਤੱਕ ਪਹੁੰਚ ਕਰਨ ਲਈ ਆਪਣੇ ਅਲਬਰਟਾ ਡ੍ਰਾਈਵਿੰਗ ਲਾਇਸੈਂਸ ਜਾਂ ਅਲਬਰਟਾ ਸ਼ਨਾਖਤੀ ਕਾਰਡ ਦੀ ਵਰਤੋਂ ਕਰੋ।

ਜੇ ਤੁਹਾਡੇ ਕੋਲ ਇਹ ਸ਼ਨਾਖਤੀ ਕਾਰਡ ਨਹੀਂ ਹੈ, ਤਾਂ 1-877-422-8683 ’ਤੇ ਕਾਲ ਕਰੋ।





### *ਵਿਕਲਪ #2 – ਪੋਲ ਦੇ ਮੌਕੇ ’ਤੇ:*

ਜਦ ਤੁਸੀਂ ਵੋਟ ਪਾਉਣ ਲਈ ਜਾਂਦੇ ਹੋ

ਤੁਹਾਡੇ ਵਾਸਤੇ ਸਾਨੂੰ ਨਿਮਨਲਿਖਤ ਵੇਰਵੇ ਦੇਣ ਵਾਲੇ ਦਸਤਾਵੇਜ਼ ਦਿਖਾਉਣਾ ਲਾਜ਼ਮੀ ਹੈ

- ਪੂਰਾ ਕਨੂੰਨੀ ਨਾਮ, ਅਤੇ
- ਤੁਹਾਡੀ ਵਰਤਮਾਨ ਰਿਹਾਇਸ਼ ਦਾ ਪਤਾ

ਤੁਹਾਨੂੰ ਇਹ ਬਿਆਨ ਕਰਦੇ ਇੱਕ ਫਾਰਮ ’ਤੇ ਦਸਤਖਤ ਵੀ ਕਰਨੇ ਪੈਣਗੇ ਕਿ ਤੁਸੀਂ ਇੱਕ ਯੋਗਤਾ ਪੂਰੀ ਕਰਨ ਵਾਲੇ ਵੋਟਰ ਹੋ।



ਇਹ ਜਾਣਨ ਲਈ ਅਗਲਾ ਪੰਨਾ ਦੇਖੋ ਕਿ ਅਸੀਂ ਕਿਹੜੇ ਸ਼ਨਾਖਤੀ ਕਾਰਡ ਸਵੀਕਾਰ ਕਰਦੇ ਹਾਂ।

# ਸ਼ਨਾਖਤ

ਆਪਣੀ ਸ਼ਨਾਖਤ ਸਾਬਤ ਕਰਨ ਲਈ, ਤੁਹਾਡੇ ਵਾਸਤੇ ਸਰਕਾਰ ਵੱਲੋਂ ਜਾਰੀ ਘੱਟੋ-ਘੱਟ ਇੱਕ ਫੋਟੋ ਸ਼ਨਾਖਤੀ ਕਾਰਡ ਦਿਖਾਉਣਾ ਲਾਜ਼ਮੀ ਹੈ।

ਜੇ ਅਜਿਹਾ ਸੰਭਵ ਨਹੀਂ ਹੈ, ਤਾਂ ਤੁਹਾਡੇ ਵਾਸਤੇ ਦੋ ਸ਼ਨਾਖਤੀ ਕਾਰਡ ਦਿਖਾਉਣੇ ਲਾਜ਼ਮੀ ਹਨ। ਪਰ ਵੈਧ ਹੋਣ ਵਾਸਤੇ, ਦੋਨਾਂ ਸ਼ਨਾਖਤੀ ਕਾਰਡਾਂ ਵਿੱਚ ਤੁਹਾਡਾ ਪੂਰਾ ਨਾਮ ਹੋਣਾ ਅਤੇ ਇੱਕ ਵਿੱਚ ਤੁਹਾਡਾ ਵਰਤਮਾਨ ਭੌਤਿਕ ਪਤਾ ਹੋਣਾ ਲਾਜ਼ਮੀ ਹੈ।

ਜੇ ਤੁਹਾਡੇ ਕੋਲ ਕੋਈ ਸ਼ਨਾਖਤੀ ਕਾਰਡ ਨਹੀਂ ਹੈ, ਤਾਂ ਕੋਈ ਹੋਰ ਵਿਅਕਤੀ ਤੁਹਾਡਾ ਜ਼ਾਮਨ ਬਣ ਸਕਦਾ ਹੈ। ਇਸ ਪ੍ਰਕਿਰਿਆ ਬਾਰੇ ਹੋਰ ਜਾਣਨ ਲਈ ਸਾਡੇ ਨਾਲ ਸੰਪਰਕ ਕਰੋ।

## ਉਹਨਾਂ ਸ਼ਨਾਖਤੀ ਕਾਰਡਾਂ ਦੀਆਂ ਉਦਾਹਰਨਾਂ ਜਿਨ੍ਹਾਂ ਵਿੱਚ ਨਾਮ ਹੁੰਦਾ ਹੈ:



ਪਾਸਪੋਰਟ




ਕਰਮਚਾਰੀ/ਵਿਦਿਆਰਥੀ ਸ਼ਨਾਖਤੀ ਕਾਰਡ

ਬੈਂਕ ਕਾਰਡ


ਅਲਬਰਟਾ ਹੈਲਥ ਕੇਅਰ ਕਾਰਡ

## ਉਹਨਾਂ ਸ਼ਨਾਖਤੀ ਕਾਰਡਾਂ ਦੀਆਂ ਉਦਾਹਰਨਾਂ ਜਿਨ੍ਹਾਂ ਵਿੱਚ ਨਾਮ ਅਤੇ ਪਤਾ ਹੁੰਦਾ ਹੈ:



ਸੁਵਿਧਾ ਦਾ ਬਿੱਲ

ਬੈਂਕ ਸਟੇਟਮੈਂਟ




ਗੱਡੀ ਦੀ ਰਜਿਸਟਰੇਸ਼ਨ

ਸੰਪੂਰਨ ਸੂਚੀ ਔਨਲਾਈਨ ਏਥੇ ਉਪਲਬਧ ਹੈ: elections.ab.ca/voters/id-required-to-vote/

# ਵੋਟ ਪਾਉਣ ਦੇ ਵਿਕਲਪ

## *ਚੋਣਾਂ ਦਾ ਦਿਨ*




- ਵੋਟਾਂ ਤੁਹਾਡੇ ਸਥਾਨਕ ਸਕੂਲ, ਚਰਚ, ਜਾਂ ਭਾਈਚਾਰਕ ਹਾਲ ਵਿਖੇ ਪਾਈਆਂ ਜਾਂਦੀਆਂ ਹਨ
- ਸਾਰੇ ਪੋਲ ਬੂਥ ਸਵੇਰੇ 9:00 am ਤੋਂ 8:00 pm ਤੱਕ ਖੁੱਲ੍ਹੇ ਰਹਿੰਦੇ ਹਨ
- ਤੁਸੀਂ ਸਿਰਫ਼ ਆਪਣੇ ਲਈ ਨਿਯਤ ਪੋਲ ਬੂਥ ਵਿਖੇ ਹੀ ਵੋਟ ਪਾ ਸਕਦੇ ਹੋ

## *ਅਗਾਊਂ ਚੋਣਾਂ*




- ਵੋਟਾਂ ਨਜ਼ਦੀਕੀ ਮਾਰਕੀਟ, ਲਾਇਬਰੇਰੀਆਂ, ਜਾਂ ਵਿਦਿਆਲਿਆਂ ਵਿਖੇ ਪਾਈਆਂ ਜਾਂਦੀਆਂ ਹਨ
- ਜ਼ਿਆਦਾਤਰ ਪੋਲ ਬੂਥ 9:00 am ਅਤੇ 8:00 pm ਵਿਚਕਾਰ ਖੁੱਲ੍ਹੇ ਰਹਿੰਦੇ ਹਨ, ਪਰ ਇਹਨਾਂ ਦਾ ਸਮਾਂ ਵੱਖ-ਵੱਖ ਹੋ ਸਕਦਾ ਹੈ
- ਤੁਸੀਂ ਆਪਣੀ ਪਸੰਦ ਦੇ ਅਗਾਊਂ ਪੋਲ ਬੂਥ ਵਿਖੇ ਵੋਟ ਪਾ ਸਕਦੇ ਹੋ
- ਇਹ ਪ੍ਰਕਿਰਿਆ ਚੋਣਾਂ ਦੇ ਦਿਨ ਤੋਂ ਪਹਿਲਾਂ ਵਾਲੇ ਹਫਤੇ ਮੰਗਲਵਾਰ ਤੋਂ ਲੈਕੇ ਸ਼ਨੀਵਾਰ ਤੱਕ ਚਲਦੀ ਹੈ

## *ਵਿਸ਼ੇਸ਼ ਵੋਟ-ਪੱਤਰ (Ballot)*




- ਵੋਟਾਂ ਤੁਹਾਡੇ ਸਥਾਨਕ ਚੋਣ ਦਫਤਰ ਵਿਖੇ, ਜਾਂ ਡਾਕ ਰਾਹੀਂ ਭੇਜੇ ਜਾਣ ਵਾਲੇ ਵੋਟ-ਪੱਤਰ ਰਾਹੀਂ ਪਾਈਆਂ ਜਾਂਦੀਆਂ ਹਨ
- ਇਹ ਉਹਨਾਂ ਵਿਅਕਤੀਆਂ ਲਈ ਉਪਲਬਧ ਹੈ ਜੋ ਹੋਰ ਤਰੀਕੇ ਨਾਲ ਵੋਟ ਨਹੀਂ ਪਾ ਸਕਦੇ
- ਡਾਕ ਰਾਹੀਂ ਵੋਟ ਪਾਉਣ ਵਾਲੇ ਚੋਣਕਾਰਾਂ (electors) ਨੂੰ ਆਪਣੇ ਵੋਟ-ਪੱਤਰਾਂ ਦੀ ਬੇਨਤੀ ਜਲਦੀ ਕਰਨੀ ਚਾਹੀਦੀ ਹੈ, ਕਿਉਂਕਿ ਪ੍ਰਕਿਰਿਆ ਕਰਨ ਨੂੰ ਸਮਾਂ ਲਗਦਾ ਹੈ
- ਚੋਣਾਂ ਵਾਲੇ ਦਿਨ ਤੋਂ ਪਹਿਲਾਂ ਪੈਕੇਜ ਨੂੰ ਵਾਪਸ ਭੇਜਣਾ ਲਾਜ਼ਮੀ ਹੈ
- ਇਹ ਵਿਕਲਪ ਚੋਣ ਮਿਆਦ ਸ਼ੁਰੂ ਹੋਣ ਤੋਂ ਲੈਕੇ ਚੋਣਾਂ ਵਾਲੇ ਦਿਨ ਤੱਕ (28-ਦਿਨ ਦੀ ਸਮਾਂ-ਮਿਆਦ) ਉਪਲਬਧ ਰਹਿੰਦਾ ਹੈ

ਡਾਕ ਰਾਹੀਂ ਭੇਜੇ ਜਾਣ ਵਾਲੇ ਵੋਟ-ਪੱਤਰ ਦੀ ਬੇਨਤੀ ਔਨਲਾਈਨ **elections.ab.ca** ’ਤੇ ਜਾਂ ਫਿਰ **1-877-422-8683** ’ਤੇ ਕਾਲ ਕਰਕੇ ਕਰੋ।

# ਖੁਦ ਹਾਜ਼ਰ ਹੋਕੇ ਵੋਟ ਪਾਉਣਾ

## *ਖੁਦ ਹਾਜ਼ਰ ਹੋਕੇ ਵੋਟ ਪਾਉਣਾ*

ਵੋਟ ਪਾਉਣ ਦੀ ਪ੍ਰਕਿਰਿਆ ਇਹਨਾਂ ਕਦਮਾਂ ਦੀ ਪਾਲਣਾ ਕਰਦੀ ਹੈ:

1) ਜਦ ਤੁਸੀਂ ਪਹੁੰਚਦੇ ਹੋ, ਤਾਂ ਤੁਸੀਂ ਕਿਸੇ ਚੋਣ ਅਫਸਰ ਨੂੰ ਮਿਲੋਂਗੇ ਜੋ ਤੁਹਾਡੇ ਪੰਜੀਕਰਨ ਦੀ ਪੁਸ਼ਟੀ ਕਰੇਗਾ

2) ਜੇ ਤੁਸੀਂ ਪਹਿਲਾਂ ਹੀ ਪੰਜੀਕਰਨ ਕਰਵਾਇਆ ਹੋਇਆ ਹੈ, ਤਾਂ ਚੋਣ ਅਫਸਰ ਤੁਹਾਨੂੰ ਇੱਕ ਖੁੱਲ੍ਹੇ ਵੋਟਿੰਗ ਸਟੇਸ਼ਨ ਵੱਲ ਭੇਜੇਗਾ

3) ਫੇਰ ਆਪਣਾ ਵੋਟ-ਪੱਤਰ ਹਾਸਲ ਕਰਨ ਲਈ ਤੁਹਾਨੂੰ ਆਪਣੇ ਨਾਮ ਅਤੇ ਪਤੇ ਦੀ ਪੁਸ਼ਟੀ ਕਰਨੀ ਪਵੇਗੀ

4) ਪਰਦੇਦਾਰੀ ਸਕ੍ਰੀਨ ਦੇ ਪਿਛਲੇ ਪਾਸੇ ਜਾਓ। ਜਿਸ ਉਮੀਦਵਾਰ ਨੂੰ ਤੁਸੀਂ ਵੋਟ ਪਾਉਣੀ ਚਾਹੁੰਦੇ ਹੋ, ਉਸਦੇ ਅੱਗੇ "X" ਲਿਖਕੇ ਜਾਂ ਗੋਲੇ ਨੂੰ ਭਰਕੇ ਆਪਣੇ ਵੋਟ-ਪੱਤਰ ਦੀ ਨਿਸ਼ਾਨਦੇਹੀ ਕਰੋ।

5) ਵੋਟ-ਪੱਤਰ ਚੋਣ ਅਫਸਰ ਨੂੰ ਵਾਪਸ ਕਰ ਦਿਓ, ਇਸਨੂੰ ਵੋਟ ਬਕਸੇ ਵਿੱਚ ਪਾ ਦਿਓ ਅਤੇ ਜਸ਼ਨ ਮਨਾਓ!

## *ਮੈਥੋਂ ਇੱਕ ਗਲਤੀ ਹੋ ਗਈ ਹੈ...*

ਜੇ ਤੁਸੀਂ ਕੋਈ ਗਲਤੀ ਕਰ ਦਿੱਤੀ ਹੈ, ਤਾਂ ਕਿਰਪਾ ਕਰਕੇ ਉਸ ਵਿਅਕਤੀ ਨਾਲ ਗੱਲ ਕਰੋ ਜਿਸਨੇ ਤੁਹਾਨੂੰ ਤੁਹਾਡਾ ਵੋਟ-ਪੱਤਰ ਦਿੱਤਾ ਸੀ। ਉਹ ਤੁਹਾਨੂੰ ਬਦਲਵਾਂ ਵੋਟ-ਪੱਤਰ ਦੇ ਸਕਦੇ ਹਨ।

## *ਗੁਪਤਤਾ*

ਤੁਹਾਡਾ ਵੋਟ-ਪੱਤਰ ਗੁਪਤ ਹੈ। ਜਦ ਤੱਕ ਤੁਹਾਨੂੰ ਸਹਾਇਤਾ ਦੀ ਲੋੜ ਨਹੀਂ ਹੈ, ਕਿਸੇ ਨੂੰ ਵੀ ਇਹ ਨਾ ਦਿਖਾਓ ਕਿ ਤੁਸੀਂ ਕਿਸ ਤਰ੍ਹਾਂ ਵੋਟ ਪਾਈ ਸੀ। ਆਪਣੇ ਵੋਟ-ਪੱਤਰ ਦੇ ਫੋਟੋ ਨਾ ਲਓ ਜਾਂ ਇੰਟਰਨੈੱਟ ਉੱਤੇ ਇਹਨਾਂ ਨੂੰ ਸਾਂਝੇ ਨਾ ਕਰੋ।

ਪੰਜੀਕਰਨ

ਆਪਣੇ ਪੋਲ ਬੂਥ ਵਿਖੇ ਪਹੁੰਚੋ

ਆਪਣਾ ਵੋਟ-ਪੱਤਰ ਹਾਸਲ ਕਰੋ

ਵੋਟ ਪਾਓ

ਜਸ਼ਨ ਮਨਾਓ

# ਡਾਕ ਰਾਹੀਂ ਵੋਟ ਪਾਉਣਾ

## *ਡਾਕ ਰਾਹੀਂ ਵੋਟ ਪਾਉਣਾ*

ਡਾਕ ਰਾਹੀਂ ਵੋਟ ਪਾਉਣ ਦੀ ਪ੍ਰਕਿਰਿਆ ਇਹਨਾਂ ਕਦਮਾਂ ਦੀ ਪਾਲਣਾ ਕਰਦੀ ਹੈ:

1) elections.ab.ca ’ਤੇ ਜਾਕੇ ਆਪਣੇ ਵੋਟ-ਪੱਤਰ ਪੈਕੇਜ ਵਾਸਤੇ ਜਲਦੀ ਅਰਜ਼ੀ ਦਿਓ

2) ਡਾਕ ਵਿੱਚ ਆਪਣਾ ਵੋਟ-ਪੱਤਰ ਪੈਕੇਜ ਹਾਸਲ ਕਰੋ

3) ਵੋਟ-ਪੱਤਰ ਉੱਤੇ ਉਸ ਉਮੀਦਵਾਰ ਜਾਂ ਪਾਰਟੀ ਦਾ ਨਾਮ ਲਿਖੋ ਜਿਸਨੂੰ ਤੁਸੀਂ ਵੋਟ ਪਾਉਣੀ ਚਾਹੁੰਦੇ ਹੋ (ਉਮੀਦਵਾਰਾਂ ਦੀ ਸੂਚੀ elections.ab.ca ’ਤੇ ਉਪਲਬਧ ਹੁੰਦੀ ਹੈ)

4) ਆਪਣੇ ਘੋਸ਼ਣਾ ਫਾਰਮ ਨੂੰ ਪੂਰਾ ਕਰੋ ਅਤੇ ਦਸਤਖਤ ਕਰੋ ਅਤੇ ਆਪਣੇ ਸ਼ਨਾਖਤੀ ਕਾਰਡ ਦੀ ਇੱਕ ਕਾਪੀ ਬਣਾਓ

5) ਵਾਪਸੀ ਵਾਸਤੇ ਪੈਕੇਜ ਤਿਆਰ ਕਰੋ

6) ਚੋਣ ਵਾਲੇ ਦਿਨ ਤੋਂ ਪਹਿਲਾਂ ਇਸਨੂੰ ਡਾਕ ਰਾਹੀਂ ਵਾਪਸ ਭੇਜ ਦਿਓ



ਵੋਟ-ਪੱਤਰ ਵਾਸਤੇ ਅਰਜ਼ੀ ਦਿਓ ਅਤੇ ਇਸਨੂੰ ਪ੍ਰਾਪਤ ਕਰੋ

ਵੋਟ ਪਾਓ


ਫਾਰਮ ਭਰੋ ਅਤੇ ਆਪਣੀ ਸ਼ਨਾਖਤ ਸ਼ਾਮਲ ਕਰੋ

ਪੈਕੇਜ

ਡਾਕ ਰਾਹੀਂ ਵਾਪਸ ਭੇਜੋ


# ਪਹੁੰਚਯੋਗਤਾ

ਤੁਹਾਨੂੰ ਵੋਟ ਪਾਉਣ ਵਿੱਚ ਮਦਦ ਕਰਨ ਲਈ ਅਸੀਂ ਕਈ ਵਿਕਲਪਾਂ ਦੀ ਪੇਸ਼ਕਸ਼ ਕਰਦੇ ਹਾਂ:




## ਆਪਣੀ ਖੁਦ ਦੀ ਡੀਵਾਈਸ ਲਿਆਓ

ਤਾਂ ਜੋ ਦ੍ਰਿਸ਼ਟੀ ਪੱਖੋਂ ਅਪੰਗ ਲੋਕਾਂ ਨੂੰ ਵੋਟ-ਪੱਤਰ ਖੁਦ ਪੜ੍ਹਨ ਵਿੱਚ ਮਦਦ ਮਿਲ ਸਕੇ



## ਵੱਡ-ਆਕਾਰੀ ਪੈਨਸਿਲ

ਤਾਂ ਜੋ ਚੀਜ਼ਾਂ ਉੱਤੇ ਪਕੜ ਸੰਬੰਧੀ ਸਮੱਸਿਆਵਾਂ ਵਾਲੇ ਵਿਅਕਤੀਆਂ ਨੂੰ ਉਹਨਾਂ ਦੇ ਵੋਟ-ਪੱਤਰ ਦੀ ਨਿਸ਼ਾਨਦੇਹੀ ਆਰਾਮਦਾਇਕ ਤਰੀਕੇ ਨਾਲ ਕਰਨ ਦਾ ਇੱਕ ਜ਼ਰੀਆ ਦਿੱਤਾ ਜਾ ਸਕੇ





## ਵੋਟਰ ਖਾਕਾ

ਤਾਂ ਜੋ ਦ੍ਰਿਸ਼ਟੀ ਪੱਖੋਂ ਅਪੰਗ ਲੋਕਾਂ ਨੂੰ ਅਜਿਹੇ ਤਰੀਕੇ ਨਾਲ ਵੋਟ ਕਰਨ ਵਿੱਚ ਮਦਦ ਕੀਤੀ ਜਾ ਸਕੇ ਜੋ ਉਹਨਾਂ ਦੀ ਗੁਪਤਤਾ ਦੀ ਰੱਖਿਆ ਕਰਦਾ ਹੈ



## ਦਸਤੀ ਮੈਗਨੀਫਾਇਰ

ਤਾਂ ਜੋ ਘੱਟ ਨਜ਼ਰ ਵਾਲੇ ਵਿਅਕਤੀਆਂ ਨੂੰ ਲਿਖਤ ਨੂੰ ਸਪੱਸ਼ਟ ਤਰੀਕੇ ਨਾਲ ਦੇਖਣ ਦਾ ਇੱਕ ਜ਼ਰੀਆ ਦਿੱਤਾ ਜਾ ਸਕੇ



## ਪੱਧਰੀ ਸਤਹ ਤੱਕ ਪਹੁੰਚ

ਤਾਂ ਜੋ ਪੋਲਿੰਗ ਸਥਾਨ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ



## ਵੋਟਰ ਸਹਾਇਤਾ

ਤਾਂ ਜੋ ਮਦਦ ਪ੍ਰਦਾਨ ਕਰਾਈ ਜਾ ਸਕੇ ਜਾਂ ਵੋਟਰ ਦੇ ਕਿਸੇ ਵਿਸ਼ਵਾਸਪਾਤਰ ਕੋਲੋਂ ਮਦਦ ਦੀ ਆਗਿਆ ਦਿੱਤੀ ਜਾ ਸਕੇ

**Suite 100, 11510 Kingsway NW**
**Edmonton, Alberta   T5G 2Y5**

**ਟੌਲ-ਫ੍ਰੀ: 310-0000 | ਫ਼ੋਨ: 1-877-422-VOTE (8683)**
**www.elections.ab.ca | info@elections.ab.ca**